ਦਫ਼ਤਰ, ਰਿਵਾਈਜ਼ਿੰਗ ਅਥਾਰਟੀ ਅਫ਼ਸਰ,
33 ਬਠਿੰਡਾ ਬੋਰਡ ਚੋਣ ਹਲਕਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ -ਕਮ-ਉਪ ਮੰਡਲ ਮੈਜਿਸਟਰੇਟ, ਬਠਿੰਡਾ।
ਕਮਰਾ ਨੰ: 302-ਬੀ ਤੀਜੀ ਮੰਜਲ ਮਿਨੀ ਸਕੱਤਰੇਤ, ਬਠਿੰਡਾ।
ਫੋਨ ਨੰ: 0164-2212525
ਜਿੰਮੇਵਾਰ ਬਣੋ,ਵੋਟਰ ਬਣੋ
Email:ero92bathindaurban@gmail.com
ਜਿੰਮੇਵਾਰ ਬਣੋ,ਵੋਟਰ ਬਣੋ

ਪੱਤਰ ਨੰ ................/2023 ਚੋਣਾਂ

ਮਿਤੀ:...................../2023

ਟੀ-1
ਡਾਕ 9/11/23

ਵੱਲ,

1. ਇੰਚਾਰਜ, (ਐਸ.ਜੀ.ਪੀ.ਸੀ ਚੋਣਾਂ) ਨਗਰ ਨਿਗਮ, ਬਠਿੰਡਾ।
2. ਨਾਇਬ ਤਹਿਸੀਲਦਾਰ,ਬਠਿੰਡਾ,
3. ਨਾਇਬ ਤਹਿਸੀਲਦਾਰ ਨਥਾਣਾ,
4. ਕਾਰਜ ਸਾਧਕ ਅਫ਼ਸਰ ਕੋਟਫੱਤਾ,
5. ਕਾਰਜ ਸਾਧਕ ਅਫ਼ਸਰ ਲਹਿਰਾ ਮੁਹੱਬਤ,
6. ਕਾਰਜ ਸਾਧਕ ਅਫ਼ਸਰ ਡੂੰਚੇ ਮੰਡੀ।

ਵਿਸ਼ਾ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਦੇ ਨਵੇਂ ਬੋਰਡ ਦੇ ਗਠਨ ਲਈ ਵੋਟਰ ਸੂਚੀਆਂ ਦੀ ਤਿਆਰੀ ਸਬੰਧੀ ਬੀ.ਐਲ.ਓਜ਼ ਵੱਲੋਂ ਸਪੈਸ਼ਲ ਕੈਂਪ ਲਗਾਉਣ ਬਾਰੇ।

ਹਵਾਲਾ: ਜ਼ਿਲ੍ਹਾ ਚੋਣ ਅਫ਼ਸਰ, ਬਠਿੰਡਾ ਜੀ ਦਾ ਪੱਤਰ ਨੰ: ਚੋਣ-2028-33 ਮਿਤੀ: 08.11.2023 ਸਬੰਧੀ।

ਉਪਰੋਕਤ ਵਿਸ਼ੇ ਅਤੇ ਹਵਾਲੇ ਅਧੀਨ ਪੱਤਰ ਰਾਹੀਂ ਪ੍ਰਾਪਤ ਹੋਈਆਂ ਹਦਾਇਤਾਂ ਅਨੁਸਾਰ ਐਸ.ਜੀ.ਪੀ.ਸੀ ਚੋਣਾਂ ਦੇ ਸਬੰਧ ਵਿੱਚ ਨਿਮਨਹਸਤਾਖਰ ਦੇ ਬੋਰਡ ਚੋਣ ਹਲਕੇ ਅਧੀਨ ਆਉਂਦੇ ਪਿੰਡਾਂ/ਸ਼ਹਿਰਾਂ ਵਿੱਚ ਯੋਗ ਵਿਅਕਤੀਆਂ ਦੀ ਰਜਿਸਟਰੇਸ਼ਨ ਲਈ ਸਪੈਸ਼ਲ ਕੈਂਪ ਮਿਤੀ: 10-11-2023 (ਦਿਨ ਸ਼ੁੱਕਰਵਾਰ) ਨੂੰ 09:00 ਵਜੇ ਤੋਂ 05:00 ਵਜੇ ਤੱਕ ਹਰੇਕ ਪੋਲਿੰਗ ਸਟੇਸ਼ਨ ਤੇ ਬੀ.ਐਲ.ਓਜ਼ ਵੱਲੋਂ ਪਟਵਾਰੀਆਂ ਅਤੇ ਨਗਰ ਨਿਗਮ/ਨਗਰ ਕੌਂਸਲ ਦੇ ਕਰਮਚਾਰੀਆਂ ਦੇ ਸਹਿਯੋਗ ਲਈ ਲਗਾਇਆ ਜਾਣਾ ਹੈ। ਕੈਂਪ ਦੌਰਾਨ ਪ੍ਰਾਪਤ ਹੋਏ ਫ਼ਾਰਮਾਂ ਲਈ ਪਿੰਡਾਂ ਵਿੱਚ ਸਬੰਧਤ ਪਟਵਾਰੀਆਂ ਅਤੇ ਸ਼ਹਿਰ ਵਿੱਚ ਨਗਰ ਨਿਗਮ/ਨਗਰ ਕੌਂਸਲ ਦੇ ਕਰਮਚਾਰੀਆਂ ਨਾਲ ਤਾਲਮੇਲ ਕਰਕੇ ਉਨ੍ਹਾਂ ਪਾਸ ਸਪੁਰਦ ਕੀਤੇ ਜਾਣੇ ਹਨ। ਇੱਥੇ ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਕਿਸੇ ਵੀ ਵਿਅਕਤੀ ਪਾਸੋਂ ਬੰਡਲ ਦੇ ਰੂਪ ਵਿੱਚ ਫ਼ਾਰਮ ਪ੍ਰਾਪਤ ਨਾ ਕੀਤੇ ਜਾਣ। ਸਪੈਸ਼ਲ ਕੈਂਪ ਦੇ ਸ਼ਡਿਊਲ ਅਤੇ ਸਥਾਨ ਬਾਰੇ ਪਿੰਡਾਂ/ਸ਼ਹਿਰਾਂ ਵਿੱਚ ਮੁਸ਼ਤਰ੍ਹੀ/ਮੁਨਾਦੀ ਕਰਵਾਈ ਜਾਵੇ ਤਾਂ ਜੋ ਹਰੇਕ ਯੋਗ ਵੋਟਰ ਆਪਣੀ ਰਜਿਸਟਰੇਸ਼ਨ ਕਰਵਾ ਸਕੇ। ਸਪੈਸ਼ਲ ਕੈਂਪ ਦੌਰਾਨ ਪ੍ਰਾਪਤ ਹੋਏ ਫ਼ਾਰਮਾਂ ਦੀ ਰਿਪੋਰਟ ਅਗਲੇ ਦਿਨ ਇਸ ਦਫ਼ਤਰ ਪਾਸ ਭੇਜਣੀ ਯਕੀਨੀ ਬਣਾਈ ਜਾਵੇ।

ਨੱਥੀ: 1.ਪੋਲਿੰਗ ਸਟੇਸ਼ਨ ਲਿਸਟ
2.ਬੀ.ਐਲ.ਓ ਲਿਸਟ

ਰਿਵਾਈਜ਼ਿੰਗ ਅਥਾਰਟੀ ਅਫ਼ਸਰ
33 ਬਠਿੰਡਾ ਬੋਰਡ ਚੋਣ ਹਲਕਾ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ-ਕਮ-
ਉਪ ਮੰਡਲ ਮੈਜਿਸਟਰੇਟ, ਬਠਿੰਡਾ।

ਪਿੱਠ ਅੰਕਣ ਨੰ: 98-101 ਮਿਤੀ:08/11/2023
ਇਸ ਦਾ ਇੱਕ ਉਤਾਰਾ:

1. ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਬਠਿੰਡਾ ਜੀ ਪਾਸ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ।
2. ਸਮੂਹ ਸੁਪਰਵਾਈਜ਼ਰ 092 ਬਠਿੰਡਾ ਸ਼ਹਿਰੀ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਕਤ ਅਨੁਸਾਰ ਆਪਣੇ ਅਧੀਨ ਆਉਂਦੇ ਸਮੂਹ ਬੀ.ਐਲ.ਓਜ਼ ਨੂੰ ਆਪਣੇ ਪੱਧਰ ਤੇ ਹਦਾਇਤਾਂ ਜਾਰੀ ਕਰ ਦਿੱਤੀਆਂ ਜਾਣ ਕਿ ਸਪੈਸ਼ਲ ਕੈਂਪ ਦੌਰਾਨ ਸਮੇਂ ਸਿਰ ਬੂਥਾਂ ਤੇ ਬੈਠ ਕੇ ਐਸ.ਜੀ.ਪੀ.ਸੀ ਚੋਣਾਂ ਸਬੰਧੀ ਫ਼ਾਰਮ ਪ੍ਰਾਪਤ ਕੀਤੇ ਜਾਣ ਅਤੇ ਨੱਥੀ ਲਿਸਟ ਅਨੁਸਾਰ ਨਗਰ ਨਿਗਮ ਦੇ ਕਰਮਚਾਰੀਆਂ ਪਾਸ ਫ਼ਾਰਮ ਜਮ੍ਹਾਂ ਕਰਵਾ ਦਿੱਤੇ ਜਾਣ।

**ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ ) ਬਠਿੰਡਾ**

ਪਿਠ ਅੰਕਣ ਨੰ: ਜੀ-4/1 ( )2023/ 5038 ਮਿਤੀ: 10/11/2023

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ , ਭੇਜਕੇ ਲਿਖਿਆ ਜਾਂਦਾ ਹੈ ਕਿ ਸਬੰਧਤ ਬੀ.ਐੱਲ.ਓ ਨੂੰ ਲਗਾਈ ਗਈ ਡਿਊਟੀ ਲਈ ਪਾਬੰਦ ਕੀਤਾ ਜਾਵੇ ।

10/11/23
ਜਿਲ੍ਹਾ ਸਿੱਖਿਆ ਅਫਸਰ(ਸ:ਸਿ)
ਬਠਿੰਡਾ ।